2026/5/346
ਪ੍ਰ.1 10/4/2026


ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।
(ਕੰਪ: ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਐਸ.ਏ.ਐਸ ਨਗਰ)
(adsadpi@punjabeducation.gov.in)
ਅਮਲਾ-2 ਸ਼ਾਖਾ


**ਕੇਵਲ ਈ.ਮੇਲ ਰਾਹੀਂ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਮੀਮੋ ਨੰ: 797117 ਅਮਲਾ-2 (2)/2026194298
ਮਿਤੀ: ਐਸ.ਏ.ਐਸ ਨਗਰ: 08/04/2026

**ਵਿਸ਼ਾ: ਵੱਖ-ਵੱਖ ਕੋਰਟ ਕੇਸਾਂ ਵਿੱਚ ਸੋਰਤ ਸ਼ਰਮਾ ਕੇਸ ਦੇ ਆਧਾਰ ਤੇ ਤਨਖਾਹ ਫਿਕਸ਼ੇਸ਼ਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਆਪਦੇ ਅਧੀਨ ਆਉਂਦੇ ਬਹੁਤ ਸਾਰੇ ਸਕੂਲਾਂ ਵੱਲੋਂ ਵਿਸ਼ਾ ਅੰਕਿਤ ਕੇਸਾਂ ਵਿੱਚ ਦਫਤਰ ਵੱਲੋਂ ਜਾਰੀ ਕੀਤੇ ਮੂੰਹ ਬੋਲਦੇ ਹੁਕਮਾਂ ਦੀ ਪਾਲਣਾ ਹਿੱਤ ਕਈ ਪਟੀਸ਼ਨਰਾਂ ਦੀ ਤਨਖਾਹ ਅਜੇ ਤੱਕ ਰੀਲੀਜ਼ ਨਹੀਂ ਕੀਤੀ ਗਈ ਹੈ। ਇਸ ਬਾਰੇ ਡਾਇਰੈਕਟਰ ਖਜਾਨਾ ਅਤੇ ਲੇਖਾ ਦੀਆਂ ਹਦਾਇਤਾਂ ਮਿਤੀ 12.03.2026 (ਕਾਪੀ ਨੱਥੀ) ਵੱਲ ਧਿਆਨ ਦਿਵਾਉਂਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਪਟੀਸ਼ਨਰਾਂ ਦੀ ਤਨਖਾਹ ਪ੍ਰਵਾਨਤ ਪੇ ਫਿਕਸ਼ੇਸ਼ਨ ਅਨੁਸਾਰ ਕਢਵਾਉਣੀ ਯਕੀਨੀ ਬਣਾਈ ਜਾਵੇ। ਇਸ ਨਾਲ ਹੀ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਪਟੀਸ਼ਨਰਾਂ ਦੀ ਤਨਖਾਹ 05.01.2026 ਦੀਆਂ ਹਦਾਇਤਾਂ ਅਨੁਸਾਰ ਰੀਵਾਈਜ਼ ਕਰਨ ਤੇ ਜੇਕਰ ਪਹਿਲੀ ਕਢਵਾਈ ਜਾ ਰਹੀਂ ਤਨਖਾਹ ਨਾਲੋਂ ਵੱਧ ਹੁੰਦੀ ਹੈ ਤਾਂ ਜਦੋਂ ਤੱਕ ਰੀਵਾਈਜ਼ ਤਨਖਾਹ ਕਢਵਾਈ ਨਹੀਂ ਜਾਂਦੀ ਉਦੋਂ ਤੱਕ ਕਿਸੇ ਵੀ ਕਰਮਚਾਰੀ ਦੀ ਤਨਖਾਹ ਰੋਕੀ ਨਾ ਜਾਵੇ ਅਤੇ ਪਹਿਲਾਂ ਪ੍ਰਵਾਨਤ ਪੇ ਫਿਕਸ਼ੇਸ਼ਨ ਅਨੁਸਾਰ ਹੀ ਤਨਖਾਹ ਕਢਵਾਉਣੀ ਜਾਰੀ ਰੱਖੀ ਜਾਵੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਅਣਗਹਿਲੀ ਦੀ ਸੂਰਤ ਵਿੱਚ ਜੇਕਰ ਕੋਈ ਕਾਨੂੰਨੀ ਅੌਕੜ ਆਉਂਦੀ ਹੈ ਤਾਂ ਜਿੰਮੇਵਾਰ ਅਧਿਕਾਰੀ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

(ਦਸਤਖਤ) 8/4/26
ਸਹਾਇਕ ਡਾਇਰੈਕਟਰ (ਸ.ਪ੍ਰ-2)

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1( )2026/1066 ਮਿਤੀ 10.04.2026

ਉਪਰੋਕਤ ਦਾ ਉਤਾਰਾ ਸਮੂਹ ਸਕੂਨ ਮੁਖੀਆਂ ਸਸਸਸ/ਸਹਸ/ਸਮਸ ਜਿਲਾ ਬਠਿੰਡਾ ਨੂੰ ਸੂਚਨਾ ਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

10/04/26
ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ

ਨੰਬਰ: ਟੀ.ਏ.(ਐਸ- ਸ਼ਾਖਾ)/2026/ / 578-73

**ਡਾਇਰੈਕਟੋਰੇਟ ਆਫ ਖਜਾਨਾ ਤੇ ਲੇਖਾ, ਪੈਨਸ਼ਨ ਅਤੇ ਨਵੀਂ ਪੈਨਸ਼ਨ ਸਕੀਮ**

**ਵਿੱਤ ਤੇ ਯੋਜਨਾ ਭਵਨ, ਪਲਾਟ ਨੰਬਰ 2 ਬੀ,**

**ਸੈਕਟਰ 33 ਏ, ਚੰਡੀਗੜ੍ਹ।**

ਵੱਲ,

1. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਦਫਤਰਾਂ ਵਿੱਚ ਤਾਇਨਾਤ ਭਾਗ ਅਫਸਰ।
2. ਸਮੂਹ ਅੰਦਰੂਨੀ ਪੜਤਾਲ ਸੰਸਥਾਵਾਂ ਦੇ ਮੁਖੀ, ਪੰਜਾਬ ਰਾਜ ਵਿੱਚ।

ਮਿਤੀ ਚੰਡੀਗੜ੍ਹ:- 18/03/2026

**ਵਿਸ਼ਾ:-** **ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸੋਰਵ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਅਜਿਹੇ ਹੋਰ similar nature ਦੇ ਕੇਸਾਂ ਵਿੱਚ ਪਟੀਸ਼ਨਰਾਂ ਦੀ ਤਨਖਾਹ ਵੈੱਟ/ ਫਿਕਸੇਸ਼ਨ ਕਰਨ ਸਬੰਧੀ।**

1) ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸੋਰਵ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਅਜਿਹੇ ਹੋਰ similar nature ਦੇ ਕੇਸਾਂ ਵਿੱਚ ਦਿੱਤੇ ਫੈਸਲੇ ਦੇ ਆਧਾਰ ਤੇ ਵੱਖ-ਵੱਖ ਮੂੰਹੋਂ ਬੋਲਦੇ ਹੁਕਮ ਜਾਰੀ ਕੀਤੇ ਗਏ ਹਨ ਅਤੇ ਇਹਨਾਂ ਹੁਕਮਾਂ ਅਨੁਸਾਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ ਅਤੇ ਐਸਿ) ਦਫਤਰਾਂ ਵੱਲੋਂ ਉਕਤ ਕੇਸ ਦੇ ਪਟੀਸ਼ਨਰਾਂ ਦੀ ਤਨਖਾਹ ਵੈੱਟ/ ਫਿਕਸ ਕੀਤੀ ਜਾਣੀ ਹੈ। ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵੱਲੋਂ ਪੱਤਰ ਨੰ. FD-FP-10CC(CWP)/202/2025-3FPI/1 ਮਿਤੀ 05.01.2026 ਰਾਹੀਂ ਅਜਿਹੇ ਕੇਸਾਂ ਦੇ ਪਟੀਸ਼ਨਰਾਂ ਦੀ ਤਨਖਾਹ ਐੱਸ.ਏ.ਐੱਸ. ਅਧਿਕਾਰੀ ਤੋਂ ਵੈੱਟ ਕਰਵਾਉਣ ਉਪਰੰਤ ਰੀ-ਫਿਕਸ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

2) ਉਪਰੋਕਤ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਮਿਤੀ 05.01.2026 (ਕਾਪੀ ਨੱਥੀ) ਵਿੱਚ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹਿੱਤ ਪਟੀਸ਼ਨਰਾਂ (ਟੀਚਿੰਗ ਅਤੇ ਨਾਨ-ਟੀਚਿੰਗ) ਦੀ ਤਨਖਾਹ ਸਬੰਧਤ ਭਾਗ ਅਫਸਰ ਵੱਲੋਂ ਚੈੱਕ/ ਵੈੱਟ ਕਰਨੀ ਯਕੀਨੀ ਬਣਾਈ ਜਾਵੇ। ਐੱਸ.ਏ.ਐੱਸ. ਅਧਿਕਾਰੀ ਦੀ ਗੈਰਹਾਜ਼ਰੀ/ਅਣਹੋਂਦ ਜਾਂ ਨਿਯੁਕਤੀ ਨਾ ਹੋਣ ਦੀ ਸੂਰਤ ਵਿੱਚ ਜੇਕਰ ਕਿਸੇ ਜਿਲ੍ਹਾ ਸਿੱਖਿਆ ਅਫਸਰ (ਸੈਸਿ ਅਤੇ ਐਸਿ) ਵੱਲੋਂ ਪਟੀਸ਼ਨਰਾਂ ਦੀ ਤਨਖਾਹ ਚੈੱਕ/ਵੈੱਟ ਕਰਨ ਲਈ ਸਬੰਧਤ ਜਿਲ੍ਹੇ ਦੇ ਅੰਦਰੂਨੀ ਪੜਤਾਲ ਸੰਸਥਾ ਨੂੰ ਭੇਜੀ ਜਾਂਦੀ ਹੈ ਤਾਂ ਅਜਿਹੀ ਸਥਿਤੀ ਵਿੱਚ ਸਬੰਧਤ ਅੰਦਰੂਨੀ ਪੜਤਾਲ ਸੰਸਥਾ ਵੱਲੋਂ ਇਹ ਤਨਖਾਹ ਚੈੱਕ/ਵੈੱਟ ਕਰਨੀ ਯਕੀਨੀ ਬਣਾਈ ਜਾਵੇ।

3) ਦਫਤਰ, ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਜਿਲ੍ਹਾ ਬਠਿੰਡਾ, ਫਿਰੋਜਪੁਰ, ਫਰੀਦਕੋਟ, ਫਤਹਿਗੜ੍ਹ ਸਾਹਿਬ, ਲੁਧਿਆਣਾ, ਮਾਨਸਾ, ਪਟਿਆਲਾ ਅਤੇ ਸੰਗਰੂਰ ਵਿਖੇ ਭਾਗ ਅਫਸਰ (ਸੈਕਸ਼ਨ ਅਫਸਰ) ਤਾਇਨਾਤ ਹਨ, ਇਸ ਲਈ ਇਨ੍ਹਾਂ ਜਿਲ੍ਹਿਆਂ ਦੇ ਐਲੀਮੈਂਟਰੀ ਸਿੱਖਿਆ ਅਤੇ ਸੈਕੰਡਰੀ

ਸਿੱਖਿਆ ਦੇ ਦਫ਼ਤਰਾਂ ਨਾਲ ਸਬੰਧਤ ਵਿਸ਼ਾ ਅੰਕਿਤ ਕੇਸਿਜ਼ ਦੀ ਵੈਟਿੰਗ ਉਪਰੋਕਤ ਦਫਤਰਾਂ ਵਿੱਚ ਤਾਇਨਾਤ ਸੈਕਸ਼ਨ ਅਫ਼ਸਰਾਂ ਵੱਲੋਂ ਕੀਤੀ ਜਾਵੇਗੀ।

4) ਇਸ ਤੋਂ ਇਲਾਵਾ ਸਿੱਖਿਆ ਵਿਭਾਗ ਦੇ, ਜਿਨਾਂ ਫੀਲਡ ਦਫਤਰਾਂ ਵਿੱਚ ਸੈਕਸ਼ਨ ਅਫ਼ਸਰ/ ਐਸ.ਏ. ਐਸ.ਕਾਡਰ ਦੇ ਅਧਿਕਾਰੀ ਤਾਇਨਾਤ ਨਹੀਂ ਹਨ, ਉਨਾਂ ਦੇ ਵਿਸ਼ਾ ਅੰਕਿਤ ਕੇਸ਼ਿਜ਼ ਦੀ ਵੈਟਿੰਗ, ਸਬੰਧਤ ਅੰਦਰੂਨੀ ਪੜਤਾਲ ਸੰਸਥਾ(ਮਾਲ) ਦੇ ਜਿਲ੍ਹਾ ਦਫਤਰ ਅਤੇ ਉਨਾਂ ਦੇ ਅਧੀਨ ਆਉਂਦੇ ਜਿਲ੍ਹਿਆ ਦੇ ਕੇਸਿਜ਼ ਦੀ ਵੈਟਿੰਗ ਵੀ ਸਬੰਧਤ ਅੰਦਰੂਨੀ ਪੜਤਾਲ ਸੰਸਥਾ(ਮਾਲ) ਦੇ ਜਿਲ੍ਹਾ ਦਫਤਰ ਵੱਲੋਂ ਹੀ ਕੀਤੀ ਜਾਵੇਗੀ।

5) ਇਹ ਪੱਤਰ ਡਾਇਰੈਕਟਰ ਖਜਾਨਾ ਤੇ ਲੇਖਾ ਜੀ ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਸਹਾਇਕ ਕੰਟਰੋਲਰ (ਵਿਤੇਲੇ)
ਵਾ: ਡਾਇਰੈਕਟਰ ਖਜ਼ਾਨਾ ਤੇ ਲੇਖਾ,
ਵਿੱਤ ਵਿਭਾਗ, ਪੰਜਾਬ।

ਪਿ.ਅੰ.ਨੰਬਰ: ਟੀ.ਏ.(ਐਸ- ਸ਼ਾਖਾ)/2026/1574-75 ਮਿਤੀ, ਚੰਡੀਗੜ 12-03-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਸਕੂਲ ਸਿੱਖਿਆ ਵਿਭਾਗ (ਸੈ:ਸਿ) ਅਤੇ (ਐ.ਸਿ) ਪੰਜਾਬ, ਐਸ.ਏ.ਐਸ ਨਗਰ।
2) ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾਂ (ਮ) ਪੰਜਾਬ, ਚੰਡੀਗੜ।

ਸਹਾਇਕ ਕੰਟਰੋਲਰ (ਵਿਤੇਲੇ)
ਵਾ: ਡਾਇਰੈਕਟਰ ਖਜ਼ਾਨਾ ਤੇ ਲੇਖਾ,
ਵਿੱਤ ਵਿਭਾਗ, ਪੰਜਾਬ।